ਅਕਾਲ ਅਕਾਦਮੀ ਗਾਧੜੀ

ਨਾਮ - ਮੁਕਤਜੋਤਵੀਰ ਸਿੰਘ ਜਮਾਤ - ਦਸਵੀਂ
ਦਾਖ਼ਲਾ ਨੰਬਰ - 66
ਪਿਤਾ ਦਾ ਨਾਮ - ਸਰਦਾਰ ਨਰਿੰਦਰ ਸਿੰਘ ਜੀ
ਫ਼ੋਨ ਨੰਬਰ - 90682-53101

ਲੇਖ ਰਚਨਾ ਮੁਕਾਬਲਾ
ਸੰਤ ਬਾਬਾ ਤੇਜਾ ਸਿੰਘ ਜੀ

ਜਨੁ ਪਰਉਪਕਾਰੀ ਆਇਆ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥

ਸਭ ਤੋਂ ਪਹਿਲਾਂ ਆਪ ਜੀ ਨੂੰ ਸੰਤ ਬਾਬਾ ਤੇਜਾ ਸਿੰਘ ਜੀ ਦੇ 144ਵੇਂ ਜਨਮ ਦਿਵਸ ਦੀਆਂ ਲੱਖ-ਲੱਖ ਵਧਾਈਆਂ ਹੋਣ।

ਬਾਬਾ ਤੇਜਾ ਸਿੰਘ ਜੀ ਦਾ ਜਨਮ 14 ਮਈ 1877 ਈ: ਨੂੰ ਪਿਤਾ ਮੱਲਾ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਦੀ ਕੁੱਖੋਂ ਪਿੰਡ ਚੱਲੇਵਾਲੀ (ਪਾਕਿਸਤਾਨ) ਵਿਖੇ ਹੋਇਆ। ਆਪ ਜੀ ਦਾ ਪਹਿਲਾ ਨਾਮ ਨਿਰੰਜਨ ਸਿੰਘ ਸੀ। ਬਚਪਨ ਤੋਂ ਹੀ ਆਪ ਸੰਤ ਸੁਭਾਅ ਦੇ ਮਾਲਕ ਸਨ। ਸੰਤ ਜੀ ਨੇ ਆਪਣੀ ਮੁੱਢਲੀ ਵਿੱਦਿਆ ਫ਼ਾਜ਼ਿਲਕਾ ਵਿਖੇ ਪ੍ਰਾਪਤ ਕੀਤੀ। ਫੇਰ ਆਪ ਜੀ ਲਾਹੌਰ ਚਲੇ ਗਏ ਅਤੇ ਉੱਥੇ ਹੀ ਅੰਗਰੇਜ਼ੀ ਸਾਹਿਤ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਲਾਹੌਰ ਦੇ ਸਰਕਾਰੀ ਕਾਲਜ ਵਿੱਚ ਪੜ੍ਹਦੇ ਹੋਏ ਆਪ ਜੀ ਨੇ ਕਾਨੂੰਨ ਦੀ ਡਿਗਰੀ ਵੀ ਹਾਸਲ ਕੀਤੀ।

ਆਪ ਜੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਾਈਸ ਪ੍ਰਿੰਸੀਪਲ ਸਨ ਜਦੋਂ ਆਪ ਜੀ ਦੀ ਮੁਲਾਕਾਤ ਸੰਤ

ਬਾਬਾ ਅਤਰ ਸਿੰਘ ਜੀ ਨਾਲ ਹੋਈ ਜੋ ਇੱਕ ਬਹੁਤ ਵੱਡੇ ਮਹਾਂਪੁਰਸ਼ ਸਨ। ਉਹਨਾਂ ਨੇ ਹੀ ਆਪ ਜੀ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ। ਸੰਤ ਬਾਬਾ ਅਤਰ ਸਿੰਘ ਜੀ ਉਸ ਵੇਲੇ ਮਸਤੂਆਣਾ ਸਾਹਿਬ ਵਿਖੇ ਸਨ। ਬਾਬਾ ਅਤਰ ਸਿੰਘ ਜੀ ਨੇ ਹੀ ਆਪ ਜੀ ਨੂੰ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਵਿਦੇਸ਼ ਵਿੱਚ ਬਾਰ ਹੋਰ ਸਿੰਘਾਂ ਨਾਲ ਭੇਜਿਆ। ਅਗਸਤ 1906 ਵਿੱਚ ਤੇਜਾ ਸਿੰਘ ਜੀ ਨੇ ਯੂਨੀਵਰਸਿਟੀ ਕਾਲਜ ਲੰਡਨ ਵਿੱਚ ਦਾਖਲਾ ਲਿਆ ਪਰ ਕੋਰਸ ਪੂਰਾ ਕੀਤੇ ਬਿਨਾ ਹੀ ਕੋਲੰਬੀਆ ਦੇ ਟੀਚਰ ਕਾਲਜ਼ ਦਾਖਲਾ ਲਿਆ। ਫਿਰ ਆਪ ਜੀ ਦੀ ਬਦਲੀ ਕੋਲੰਬੀਆ ਤੋਂ ਹਾਰਵਰਡ ਵਿਖੇ ਹੋ ਗਈ। ਪੜ੍ਹਾਈ ਦੇ ਨਾਲ-ਨਾਲ ਸੰਤ ਤੇਜਾ ਸਿੰਘ ਜੀ ਨੇ ਪ੍ਰਮਾਤਮਾ ਦੇ ਨਾਮ ਦੇ ਨਾਲ ਵੀ ਜੁੜੇ ਰਹੇ ਅਤੇ ਗੁਰੂ ਨਾਨਕ ਦੇਵ ਜੀ ਨੂੰ ਨਹੀਂ ਵਿਸਾਰਿਆ।

ਜਦੋਂ ਆਪ ਜੀ ਭਾਰਤ ਵਾਪਸ ਆਏ ਤਾਂ ਸੰਤ ਬਾਬਾ ਅਤਰ ਸਿੰਘ ਜੀ ਪਾਸ ਹੀ ਠਹਿਰੇ। ਸੰਤ ਅਤਰ ਸਿੰਘ ਜੀ ਦੀ ਆਸ਼ਾ ਸੀ ਕਿ ਬੱਚਿਆਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਅਧਿਆਤਮਿਕ ਵਿੱਦਿਆ ਵੀ ਮਿਲੇ। ਉਹਨਾਂ ਦੀ ਇਸ ਇੱਛਾ ਨੂੰ ਪੂਰਾ ਕਰਨ ਲਈ ਸੰਤ ਤੇਜਾ ਜੀ ਨੇ ਬੜੂ ਸਾਹਿਬ ਵਿਖੇ ਕਲਗੀਧਰ ਟਰੱਸਟ ਦੀ ਸਥਾਪਨਾ ਕੀਤੀ ਜਿਸ ਵਿੱਚ ਬੱਚਿਆਂ ਨੂੰ ਦੁਨਿਆਵੀ ਵਿੱਦਿਆ ਵੀ ਮਿਲੇ ਅਤੇ ਉਹ ਗੁਰਬਾਣੀ ਨਾਲ ਜੁੜ ਕੇ ਆਪਣਾ ਜੀਵਨ ਵੀ ਸਫਲ ਕਰਨ। ਸੰਤ ਬਾਬਾ ਤੇਜਾ ਸਿੰਘ ਜੀ 3 ਜੁਲਾਈ 1965 ਈ. ਨੂੰ ਚੀਮਾ ਸਾਹਿਬ ਵਿਖੇ ਸੱਚਖੰਡ ਵਾਸਾ ਕਰ ਗਏ। ਆਪ ਜੀ ਦੇ ਹੁਕਮ ਅਨੁਸਾਰ ਬੜੂ ਸਾਹਿਬ ਦੀ ਜ਼ਿੰਮੇਵਾਰੀ ਸੰਤ ਬਾਬਾ ਇਕਬਾਲ ਸਿੰਘ ਜੀ ਨੇ ਸੰਭਾਲੀ। ਅੱਜ ਕਲਗੀਧਰ ਟਰੱਸਟ ਦੁਆਰਾ ਪੰਜਾਬ ਅਤੇ ਹੋਰ ਸਟੇਟਾਂ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਅਕਾਲ ਅਕਾਦਮੀ ਨਾਂ ਦੇ ਸਕੂਲਾਂ ਦੀ ਸਥਾਪਨਾ ਕੀਤੀ ਜਾ ਚੁੱਕੀ ਹੈ।